ਭੈਅ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

'*ਕਿਤੇ ਐਸਾ ਨਾ ਹੋ ਜਾਏ ਕਿ ਅਸੀਂ ਜੋ ਚਾਹੁੰਦੇ ਹਾਂ, ਉਹ ਨਾ ਹੋਵੇ*'; ਜਾਂ '*ਕਿਤੇ ਐਸਾ ਨਾ ਹੋ ਜਾਏ ਕਿ ਅਸੀਂ ਜੋ ਨਹੀਂ ਚਾਹੁੰਦੇ, ਉਹ ਹੋ ਜਾਏ*', ਐਸੀ ਜੋ ਭਾਵਨਾ ਹੈ, ਉਸ ਨੂੰ ਡਰ ਜਾਂ ਭੈਅ ਆਖਦੇ ਹਨ। ਕਿਸੇ ਖ਼ਤਰੇ ਨੂੰ ਵੇਖ ਕੇ ਸਾਡੇ ਮਨ ਵਿੱਚ ਜੋ ਭਾਵਨਾ ਪੈਦਾ ਹੁੰਦੀ ਹੈ, ਉਹ ਡਰ ਹੈ। ਆਮ ਤੌਰ 'ਤੇ ਮਨੁੱਖ ਜਦੋਂ ਵੀ ਕਿਸੇ ਕਰਮ ਵਿੱਚ ਲੱਗਦਾ ਹੈ, ਤਾਂ ਕਿਸੇ ਨਾ ਕਿਸੇ ਰੂਪ ਵਿੱਚ ਉਸ ਦਾ ਕਾਰਣ ਕੋਈ ਨਾ ਕੋਈ ਡਰ ਹੁੰਦਾ ਹੈ।

ਭੈਅ-ਭੀਤ ਹੋਇਆ ਮਨੁੱਖ ਮੌਕਾ ਮਿਲਣ ਉੱਤੇ ਦੂਜਿਆਂ ਨੂੰ ਵੀ ਭੈਅ-ਭੀਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਵਜੀਦ ਖ਼ਾਨ, ਸਰਹੰਦ ਦਾ ਸੂਬੇਦਾਰ, ਆਪਣੀ ਹਕੂਮਤ ਖੁੱਸ ਜਾਣ ਦੇ ਡਰ ਵਿੱਚ ਜੀ ਰਿਹਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਦੋ ਸਪੁੱਤਰਾਂ ਨੂੰ ਤਸੀਹੇ ਦੇ ਕੇ ਭੈਅ-ਭੀਤ ਕਰਨ ਦੀ ਕੋਸ਼ਿਸ਼ ਕਰਨਾ ਵਜੀਦ ਖ਼ਾਨ ਦੇ ਆਪਣੇ ਹੀ ਡਰ ਦਾ ਪ੍ਰਗਟਾਵਾ ਸੀ।

ਦਿੱਲੀ ਦਾ ਮੁਗ਼ਲ ਹੁਕਮਰਾਨ ਫ਼ਰੁਖ਼ਸੀਅਰ ਬਾਬਾ ਬੰਦਾ ਸਿੰਘ ਜੀ ਬਹਾਦੁਰ ਤੋਂ ਭੈਅ-ਭੀਤ ਹੋਇਆ ਬੈਠਾ ਸੀ। ਜੇ ਉਹ ਚਾਹੁੰਦਾ, ਤਾਂ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੂੰ ਮੌਤ ਦੀ ਸਜ਼ਾ ਸਾਧਾਰਣ ਤਰੀਕੇ ਨਾਲ ਸਿਰ ਕਲਮ ਕਰ ਕੇ ਵੀ ਦਿੱਤੀ ਜਾ ਸਕਦੀ ਸੀ। ਪਰ, ਬਾਬਾ ਬੰਦਾ ਸਿੰਘ ਬਹਾਦੁਰ ਜੀ ਦੇ ਬਹਾਦੁਰੀ ਭਰੇ ਕਾਰਨਾਮਿਆਂ ਕਾਰਣ ਫ਼ਰੁਖ਼ਸੀਅਰ ਇੰਨਾ ਭੈਅ-ਭੀਤ ਹੋ ਚੁੱਕਾ ਸੀ ਕਿ ਹੁਣ ਉਹ ਆਪਣੇ ਉਸ ਡਰ ਭਰੇ ਦਿਨਾਂ ਦਾ ਬਦਲਾ ਬਾਬਾ ਜੀ ਤੋਂ ਲੈਣਾ ਚਾਹੁੰਦਾ ਸੀ। ਭਿਆਨਕ ਤਸੀਹੇ ਦੇ ਕੇ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੂੰ ਧਰਮ ਤੋਂ ਗਿਰਾਉਣ ਲਈ ਭੈਅ-ਭੀਤ ਕਰਨ ਦੀ ਕੋਸ਼ਿਸ਼ ਕਰਨ ਦਾ ਉਹ ਯਤਨ ਫ਼ਰੁਖ਼ਸੀਅਰ ਦੀ ਆਪਣੀ ਭੈਅ-ਭੀਤ ਹੋਈ ਮਾਨਸਿਕਤਾ ਵਿੱਚੋਂ ਨਿਕਲਿਆ ਸੀ।

ਸਿੱਖਾਂ ਦੀ ਵੱਧਦੀ ਤਾਕਤ ਤੋਂ ਭੈਅ-ਭੀਤ ਹੋਏ ਲਾਹੌਰ ਦੇ ਉਸ ਵੇਲੇ ਦੇ ਹੁਕਮਰਾਨ ਨੇ ਸਿੱਖਾਂ ਨੂੰ ਭੈਅ-ਭੀਤ ਕਰਨ ਲਈ ਕਈ ਕੋਹਝੇ ਕੰਮ ਕੀਤੇ। ਭਾਈ ਮਨੀ ਸਿੰਘ ਜੀ ਦੇ ਬੰਦ-ਬੰਦ ਕੱਟ ਕੇ ਸ਼ਹੀਦ ਕਰਨਾ ਵੀ ਸਿੱਖਾਂ ਨੂੰ ਭੈਅ-ਭੀਤ ਕਰਨ ਦਾ ਯਤਨ ਹੀ ਸੀ।

ਕਈ ਲੋਕ ਆਪਣੇ ਸੋਨੇ, ਹੀਰੇ, ਮੋਤੀ ਆਦਿ ਨਿਜੀ ਸੰਪਤੀ ਨੂੰ ਪਰਦੇ ਵਿੱਚ ਰੱਖਦੇ ਹਨ। ਇਸ ਸੰਪਤੀ ਦੀਆਂ ਆਪਣੀਆਂ ਕੋਈ ਭਾਵਨਾਵਾਂ ਨਹੀਂ ਹਨ। ਇਹ ਸਭ ਸੰਪਤੀ ਜੜ੍ਹ ਹੈ, ਚੇਤਨਾ ਰਹਿਤ ਹੈ। ਬਹੁਤ ਲੋਕ ਔਰਤ ਨੂੰ ਵੀ ਆਪਣੀ ਸੰਪਤੀ ਤੋਂ ਵੱਧ ਕੇ ਕੁੱਝ ਨਹੀਂ ਸਮਝਣਾ ਚਾਹੁੰਦੇ। ਜਿਵੇਂ ਸੋਨਾ ਆਦਿ ਪਰਦੇ ਵਿੱਚ ਛੁਪਾ ਕੇ ਰੱਖਿਆ ਜਾਂਦਾ ਹੈ, ਉਵੇਂ ਹੀ ਔਰਤਾਂ ਨੂੰ ਵੀ ਪਰਦੇ ਵਿੱਚ ਛੁਪਾ ਕੇ ਰੱਖਿਆ ਜਾਣਾ ਜਾਇਜ਼ ਸਮਝਿਆ ਜਾਂਦਾ ਹੈ। ਜਿਵੇਂ ਸੋਨੇ ਦੀ ਇੱਕ ਨਿਸ਼ਚਿਤ ਕੀਮਤ ਹੈ, ਉਵੇਂ ਹੀ ਅਜਿਹੇ ਲੋਕ ਔਰਤ ਦੀ ਵੀ ਇੱਕ ਨਿਸ਼ਚਿਤ ਕੀਮਤ ਤੈਅ ਕਰ ਲੈਂਦੇ ਹਨ। ਨਿਸ਼ਚਿਤ ਕੀਮਤ ਅਦਾ ਕਰੋ, ਵਿਆਹ ਕਰ ਲਉ। ਨਿਸ਼ਚਿਤ ਕੀਮਤ ਅਦਾ ਕਰੋ, ਤਲਾਕ ਲੈ ਲਉ। ਜੇ ਕੋਈ ਸ਼ਖ਼ਸੀਅਤਪ੍ਰਸਤ ਸੰਪਰਦਾਇ (Personality Cult) ਔਰਤਾਂ ਨੂੰ ਪਰਦੇ ਵਿੱਚ ਰੱਖਣ ਦਾ ਸਖ਼ਤ ਹਿਮਾਇਤੀ ਹੈ, ਤਾਂ ਇਸ ਦੀ ਸਪਸ਼ਟ ਵਜ੍ਹਾ ਇਹ ਹੀ ਹੈ ਕਿ ਉਸ ਦੇ ਮੰਨਣ ਵਾਲੇ ਮਰਦ ਸ਼ਾਵਨਵਾਦੀ (Male Chauvinists) ਔਰਤਾਂ ਦੀ ਸ਼ਕਤੀ ਤੋਂ ਭੈਅ-ਭੀਤ ਹੋਏ ਪਏ ਹਨ। ਉਹ ਭੈਅ-ਭੀਤ ਹੋਏ ਪਏ ਹਨ ਕਿ ਕਿਤੇ ਔਰਤ ਅੱਗੇ ਆ ਕੇ ਸਮਾਜਿਕ, ਸੰਪਰਦਾਇਕ, ਰਾਜਨੀਤਿਕ, ਤੇ ਆਰਥਿਕ ਸੰਸਥਾਵਾਂ ਉੱਤੇ ਕਬਜ਼ਾ ਨਾ ਕਰ ਲਵੇ। ਔਰਤ ਨੂੰ ਮਰਦਾਂ ਦੀਆਂ ਨਾਪਾਕ ਨਜ਼ਰਾਂ ਤੋਂ ਬਚਾਉਣ ਲਈ ਪਰਦਾ ਕਰਨ ਦੀ ਦਲੀਲ ਦੇਣਾ ਆਪਣੇ ਭੈਅ ਨੂੰ ਛੁਪਾਉਣ ਦੀ ਨਾਕਾਮ ਕੋਸ਼ਿਸ਼ ਹੈ। ਕੁੱਝ ਮਰਦਾਂ ਦੇ ਅੰਦਰ ਛੁੱਪੇ ਹੋਏ ਉਸ ਗੰਦੇ ਕੁੱਤੇ ਦਾ ਕੀ ਕਰੋਗੇ, ਜੋ ਜਾਨਵਰਾਂ ਤੱਕ ਦੇ ਵੀ ਬਲਾਤਕਾਰ ਕਰਨ ਤੋਂ ਪਿੱਛੇ ਨਹੀਂ ਹੱਟਦਾ? ਕੀ ਵਿਭਚਾਰੀ ਮਰਦਾਂ ਦੀ ਅਪਵਿੱਤਰ ਨਜ਼ਰ ਤੋਂ ਬਚਾਉਣ ਲਈ ਜਾਨਵਰਾਂ ਨੂੰ ਵੀ ਪਰਦੇ ਵਿੱਚ ਰੱਖਣਾ ਸ਼ੁਰੂ ਕਰ ਦਿਉਗੇ?

ਕੁੱਝ ਸੰਪਰਦਾਵਾਂ ਵੱਲੋਂ ਔਰਤਾਂ ਉੱਤੇ ਕਈ ਕਿਸਮ ਦੀਆਂ ਪਾਬੰਦੀਆਂ ਉਨ੍ਹਾਂ ਦੇ ਆਪਣੇ ਭੈਅ-ਭੀਤ ਮਨ ਦੇ ਪ੍ਰਗਟਾਵੇ ਹੀ ਹਨ। ਉਹ ਡਰੇ ਪਏ ਹਨ ਕਿ ਕਿਤੇ ਔਰਤਾਂ ਅੱਗੇ ਆ ਕੇ ਉਨ੍ਹਾਂ ਦੀ ਸਰਦਾਰੀ ਨੂੰ ਖ਼ਤਮ ਨਾ ਕਰ ਦੇਣ। ਬਹੁਪਤਨੀਵਾਦ (Polygamy) ਉੱਤੇ ਫ਼ਖ਼ਰ ਕਰਨ ਵਾਲੇ ਮਰਦ ਸ਼ਾਵਨਵਾਦੀਆਂ (Male Chauvinists) ਲਈ ਪੰਜ ਪਤੀਆਂ ਦੀ ਪਤਨੀ ਦ੍ਰੋਪਦੀ (ਪੰਚਾਲੀ) ਮਜ਼ਾਕ ਦਾ ਪਾਤਰ ਹੈ। ਅਸਲ ਗੱਲ ਤਾਂ ਇਹ ਹੈ ਕਿ ਇਹ ਮਰਦ ਸ਼ਾਵਨਵਾਦੀ (Male Chauvinists) ਦ੍ਰੋਪਦੀ ਤੋਂ ਭੈਅ-ਭੀਤ ਹੋਏ ਪਏ ਹਨ। ਇਹ ਉਹ ਦ੍ਰੋਪਦੀ ਹੈ, ਜਿਸ ਦੀ ਲਾਜ ਪ੍ਰਭੂ ਨੇ ਆਪ ਰੱਖੀ ਸੀ।

> ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥
> ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ ॥੧॥
> (੧੦੦੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

> ਮੁਕੰਦ ਮਨੋਹਰ ਲਖਮੀ ਨਾਰਾਇਣ ॥ ਦ੍ਰੋਪਤੀ ਲਜਾ ਨਿਵਾਰਿ ਉਧਾਰਣ ॥

ਕਮਲਾਕੰਤ ਕਰਹਿ ਕੰਤੂਹਲ ਅਨਦ ਬਿਨੋਦੀ ਨਿਹਸੰਗਾ ॥੬॥
(੧੦੮੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ ॥
(੧੧੯੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ ॥
(੧੪੦੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਰਾਮ ਕਰਿ ਕਿਰਪਾ ਲੇਹੁ ਉਬਾਰੇ ॥
ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ ਹਰਿ ਹਰਿ ਲਾਜ ਨਿਵਾਰੇ ॥੧॥ ਰਹਾਉ ॥
(੯੮੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ ॥੧॥
(੯੮੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜੇ ਕੋਈ ਸ਼ਖ਼ਸੀਅਤਪ੍ਰਸਤ ਸੰਪਰਦਾਇ (Personality Cult) ਵਿਗਿਆਨ ਦੀ ਪੜ੍ਹਾਈ ਦਾ ਵਿਰੋਧੀ ਹੈ, ਤਾਂ ਇਸ ਦੀ ਵਜ੍ਹਾ ਇਹ ਹੀ ਹੈ ਕਿ ਉਹ ਸ਼ਖ਼ਸੀਅਤਪ੍ਰਸਤ ਸੰਪਰਦਾਇ (Personality Cult) ਵਿਗਿਆਨ ਦੀਆਂ ਖੋਜਾਂ ਤੋਂ ਭੈਅ-ਭੀਤ ਹੋਇਆ ਪਿਆ ਹੈ। ਧਰਤੀ ਚਪਟੀ ਹੋਣ ਦਾ ਹਾਸੋਹੀਣਾ ਵੀਚਾਰ ਰੱਖਣ ਵਾਲਾ ਕੋਈ ਸੰਪਰਦਾਇ ਜਦੋਂ ਵਿਗਿਆਨ ਦਾ ਵਿਰੋਧ ਕਰਦਾ ਹੈ, ਤਾਂ ਸਿਰਫ਼ ਇਸ ਲਈ ਕਿ ਉਹ ਭੈਅ-ਭੀਤ ਹੈ ਕਿ ਕਿਤੇ ਵਿਗਿਆਨ ਦੀ ਇਹ ਖੋਜ ਕਿ ਧਰਤੀ ਚਪਟੀ ਨਹੀਂ, ਬਲਕਿ ਗੋਲ ਹੈ, ਉਸ ਦੇ ਸੰਪਰਦਾਇ ਦੇ ਝੂਠੇ ਵਿਸ਼ਵਾਸ਼ ਨੂੰ ਨੰਗਾ ਨਾ ਕਰ ਦਵੇ। ਜੇ ਧਰਤੀ ਗੋਲ ਹੈ, ਤਾਂ ਵਿਗਿਆਨ ਦੀ ਗੱਲ ਸੱਚ ਹੈ ਤੇ ਉਸ ਸੰਪਰਦਾਇ ਦਾ ਵਿਸ਼ਵਾਸ਼ ਝੂਠਾ ਹੈ। ਆਪਣੇ ਵਿਸ਼ਵਾਸ਼ ਦੇ ਝੂਠ ਸਿੱਧ ਹੋ ਜਾਣ ਤੋਂ ਭੈਅ-ਭੀਤ ਹੋ ਕੇ ਅਜਿਹੇ ਸੰਪਰਦਾਇ ਦੇ ਲੋਕ ਵਿਗਿਆਨ ਦਾ ਹੀ ਵਿਰੋਧ ਕਰਨ ਉੱਤੇ ਤੁੱਲ ਜਾਂਦੇ ਹਨ। ਉਹ ਵਿਗਿਆਨ ਦੀ ਪੜ੍ਹਾਈ ਕਰਾਉਣ ਵਾਲੇ ਸਕੂਲਾਂ ਆਦਿ ਨੂੰ ਬੰਦ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ ਤੇ ਇਨ੍ਹਾਂ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ/ਵਿਦਿਆਰਥਣਾਂ ਉੱਤੇ ਹਮਲੇ ਕਰਦੇ ਹਨ।

ਭੈਅ-ਭੀਤ ਹੋਇਆ ਅਗਿਆਨੀ ਵਿਅਕਤੀ ਵਿਗਿਆਨਿਕ ਜਾਂ ਤਾਰਕਿਕ ਸੋਚ ਨੂੰ ਕੁਫ਼ਰ ਤੇ ਈਸ਼-ਨਿੰਦਾ (Blasphemy) ਐਲਾਨ ਦਿੰਦਾ ਹੈ। ਲੋਕਾਂ ਨੂੰ ਭੈਅ-ਭੀਤ ਕਰਨ ਲਈ ਹੀ ਅਜਿਹੇ ਅਗਿਆਨੀ ਆਗੂ ਕੁਫ਼ਰ ਤੇ ਈਸ਼-ਨਿੰਦਾ (Blasphemy) ਦੀ ਸਜ਼ਾ ਮੌਤ ਐਲਾਨ ਦਿੰਦੇ ਹਨ। ਉਹ ਸੋਚਦੇ ਹਨ ਕਿ ਮੌਤ ਤੋਂ ਭੈਅ-ਭੀਤ ਹੋਇਆ ਕੋਈ ਵੀ ਮਨੁੱਖ ਵਿਗਿਆਨਿਕ ਜਾਂ ਤਾਰਕਿਕ ਸੋਚ ਦਾ ਧਾਰਨੀ ਨਹੀਂ ਬਣੇਗਾ। ਸੰਪਰਦਾਇ ਨੂੰ ਛੱਡ ਦੇਣ ਵਾਲੇ (Apostate) ਲਈ ਮੌਤ ਦੀ ਸਜ਼ਾ ਦਾ ਐਲਾਨ ਵੀ ਭੈਅ-ਭੀਤ ਹੋਈ ਮਾਨਸਿਕਤਾ ਤੋਂ ਹੀ ਨਿਕਲਦਾ ਹੈ। ਝੂਠ ਨੂੰ ਝੂਠ ਕਹਿਣਾ ਅਜਿਹੇ ਲੋਕਾਂ ਲਈ ਕੁਫ਼ਰ ਤੇ ਈਸ਼-ਨਿੰਦਾ ਹੋ ਗਿਆ ਹੈ। ਝੂਠ ਨੂੰ ਸੱਚ ਕਹਿਣਾ ਅਜਿਹੇ ਅਗਿਆਨੀਆਂ ਵਿੱਚ 'ਈਮਾਨ' ਆਖਿਆ ਜਾਣ ਲੱਗ ਪਿਆ ਹੈ।

ਸਾਧਾਰਣ ਮਨੁੱਖ ਆਪਣੀ ਜ਼ਿੰਦਗੀ ਵਿੱਚ ਪੰਜ ਪ੍ਰਕਾਰ ਦੇ ਵਿਸ਼ਿਆਂ ਨੂੰ ਭੋਗਣਾ ਹੀ ਖ਼ੁਸ਼ੀ ਸਮਝਦਾ ਹੈ। ਇਹ ਪੰਜ ਵਿਸ਼ੇ ਹਨ: ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ। ਸਾਧਾਰਣ ਮਨੁੱਖ ਦੇ ਡਰ ਇਨ੍ਹਾਂ ਪੰਜਾਂ ਵਿਸ਼ਿਆਂ ਦੇ ਆਲੇ-ਦੁਆਲੇ ਹੀ ਹੁੰਦੇ ਹਨ । ਇਨ੍ਹਾਂ ਪੰਜ ਵਿਸ਼ਿਆਂ ਦੀਆਂ ਖ਼ੁਸ਼ੀਆਂ ਦੇ ਖ਼ਤਮ ਹੋ ਜਾਣ ਦਾ ਡਰ ਸਾਧਾਰਣ ਮਨੁੱਖ ਨੂੰ ਹਮੇਸ਼ਾ ਹੀ ਬਣਿਆ ਰਹਿੰਦਾ ਹੈ।

ਕਈ ਸਾਧਕ ਪੰਜ ਦਿਵਯ ਵਿਸ਼ੇ ਭੋਗਣ ਦੀ ਯੋਗਤਾ ਪ੍ਰਾਪਤ ਕਰ ਲੈਂਦੇ ਹਨ। ਇਸ ਪੰਜ ਦਿਵਯ ਵਿਸ਼ੇ ਹਨ: ਦਿਵਯ ਸ਼ਬਦ, ਦਿਵਯ ਸਪਰਸ਼, ਦਿਵਯ ਰੂਪ, ਦਿਵਯ ਰਸ ਤੇ ਦਿਵਯ ਗੰਧ। ਜਿਵੇਂ ਸਾਧਾਰਣ ਮਨੁੱਖ ਪੰਜ ਦੁਨੀਆਵੀ ਵਿਸ਼ਿਆਂ ਦੇ ਖੁੱਸਣ ਦੇ ਡਰ ਵਿੱਚ ਜੀਉਂਦਾ ਹੈ, ਉਵੇਂ ਹੀ ਕਈ ਸਾਧਕ ਵੀ ਪੰਜ ਦਿਵਯ ਵਿਸ਼ਿਆਂ ਦੇ ਖੁੱਸਣ ਦੇ ਡਰ ਵਿੱਚ ਜੀਉਂਦੇ ਹਨ।

ਉਹ ਸਿੱਧ, ਜਿਨ੍ਹਾਂ ਨੇ ਅਣਿਮਾ ਆਦਿ ਕੋਈ ਸਿੱਧੀ ਪ੍ਰਾਪਤ ਕਰ ਲਈ ਹੈ, ਉਨ੍ਹਾਂ ਨੂੰ ਵੀ ਇਹ ਡਰ ਹੁੰਦਾ ਹੈ ਕਿ ਕਿਤੇ ਪ੍ਰਾਪਤ ਕੀਤੀ ਹੋਈ ਸਿੱਧੀ ਖ਼ਤਮ ਨਾ ਹੋ ਜਾਏ। ਸਾਂਖਯ ਵਿੱਚ ਅਣਿਮਾ ਆਦਿ ੮ ਐਸ਼ਵਰਯ ਤੇ ਸ਼ਬਦ ਆਦਿ ੧੦ ਵਿਸ਼ਿਆਂ ਨੂੰ ਮਿਲਾ ਕੇ ਕੁੱਲ ੧੮ ਪ੍ਰਕਾਰ ਦਾ ਅਭਿਨਿਵੇਸ਼ (ਡਰ) ਗਿਣਿਆ ਗਿਆ ਹੈ।

ਜ਼ਿੰਦਗੀ ਦੇ ਵੱਖ-ਵੱਖ ਪੜ੍ਹਾਵਾਂ ਦੌਰਾਨ ਵੱਖ-ਵੱਖ ਤਰ੍ਹਾਂ ਦੇ ਡਰ ਮਨੁੱਖ ਨੂੰ ਘੇਰਦੇ ਰਹਿੰਦੇ ਹਨ । ਇੱਕ ਨਵਜੰਮੇ ਬੱਚੇ ਤੋਂ ਲੈ ਕੇ ਇੱਕ ਬਜ਼ੁਰਗ ਤੱਕ ਹਰ ਕੋਈ ਆਪਣੀ ਜ਼ਿੰਦਗੀ ਵਿੱਚ ਕਿਸੇ ਨਾ ਕਿਸੇ ਪ੍ਰਕਾਰ ਦੇ ਡਰ ਦਾ ਸਾਹਮਣਾ ਕਰਦਾ ਹੈ। ਹਜ਼ਾਰਾਂ ਤਰ੍ਹਾਂ ਦੇ ਡਰ ਇਨਸਾਨ ਦੀ ਜ਼ਿੰਦਗੀ ਵਿੱਚ ਹੁੰਦੇ ਹਨ । ਜੇ ਛੋਟੇ ਬੱਚੇ ਨੂੰ ਲੈ ਲਈਏ, ਤਾਂ ਸਕੂਲ ਦੀ ਪ੍ਰੀਖਿਆ ਵਿੱਚ ਫ਼ੇਲ੍ਹ ਹੋ ਜਾਣ ਦਾ ਡਰ ਉਸ ਨੂੰ ਪ੍ਰੇਸ਼ਾਨ ਕਰਦਾ ਹੈ । ਇਸ ਡਰ ਤੋਂ ਪ੍ਰੇਰਿਤ ਹੋ ਕੇ ਉਹ ਪੜ੍ਹਾਈ ਵਿੱਚ ਮਿਹਨਤ ਕਰਦਾ ਹੈ। ਪੜ੍ਹਾਈ ਤੋਂ ਬਾਅਦ ਦਾ ਡਰ ਹੈ ਕਿ ਨੌਕਰੀ ਅੱਛੀ ਮਿਲੇਗੀ ਕਿ ਨਹੀਂ ? ਇਸ ਡਰ ਤੋਂ ਪ੍ਰੇਰਿਤ ਹੋ ਕੇ ਉਹ ਚੰਗੀ ਨੌਕਰੀ ਲਈ ਮਿਹਨਤ ਕਰਦਾ ਹੈ। ਨੌਕਰੀ ਮਿਲ ਗਈ ਤਾਂ ਆਪਣੇ ਅਫ਼ਸਰ ਦਾ ਡਰ। ਨੌਕਰੀ ਗਵਾਚਣ ਦਾ ਡਰ। ਸਹੀ ਪ੍ਰਕਾਰ

ਨਾਲ ਨੌਕਰੀ ਨਾ ਕਰ ਸਕਣ ਦਾ ਡਰ। ਆਰਥਿਕ ਹਾਲਾਤ ਦਾ ਡਰ। ਇਸ ਪ੍ਰਕਾਰ, ਕਈ ਤਰ੍ਹਾਂ ਦੇ ਡਰ ਜ਼ਿੰਦਗੀ ਵਿੱਚ ਹੁੰਦੇ ਹਨ । ਇਨ੍ਹਾਂ ਡਰਾਂ ਕਾਰਣ ਹੀ ਉਹ ਕਈ ਪ੍ਰਕਾਰ ਦੇ ਕਰਮਾਂ ਵਿੱਚ ਲੱਗਾ ਰਹਿੰਦਾ ਹੈ।

ਲੱਗਭਗ ਸਾਰੇ ਮਨੁੱਖਾਂ ਨੂੰ ਜੋ ਡਰ ਘੇਰਦੇ ਹਨ, ਉਨ੍ਹਾਂ ਵਿੱਚ ਮੁੱਖ ਤੌਰ 'ਤੇ ਬੀਮਾਰੀ ਦਾ ਡਰ, ਦੁਰਘਟਨਾ ਦਾ ਡਰ, ਮੌਤ ਦਾ ਡਰ ਹੈ। ਐਸਾ ਨਾ ਹੋਏ ਕਿ ਸ਼ਰੀਰ ਨੂੰ ਕੋਈ ਰੋਗ ਘੇਰ ਲਏ। ਅਸੀਂ ਮੋਟਰ-ਸਾਈਕਿਲ, ਸਕੂਟਰ, ਕਾਰ, ਬੱਸ, ਰੇਲਗੱਡੀ ਜਾਂ ਹਵਾਈ ਜਹਾਜ਼ ਰਾਹੀਂ ਕਿਤੇ ਜਾ ਰਹੇ ਹੋਈਏ, ਤਾਂ ਕਿਤੇ ਐਸਾ ਨਾ ਹੋਏ ਕਿ ਕੋਈ ਦੁਰਘਟਨਾ ਹੋ ਜਾਏ ਤੇ ਸਾਨੂੰ ਕੋਈ ਸੱਟ ਆਦਿ ਲੱਗ ਜਾਏ। ਇਹ ਵੀ ਡਰ ਹੈ ਕਿ ਸਾਡੀ ਕੋਈ ਵਸਤੂ ਚੋਰੀ ਹੋ ਜਾਏ। ਕਿਤੇ ਐਸਾ ਨਾ ਹੋਏ ਕਿ ਅੱਗ, ਭੂਚਾਲ ਜਾਂ ਹੜ੍ਹ ਆਦਿ ਨਾਲ ਸਾਡੇ ਘਰ ਜਾਂ ਸਾਡੇ ਕਿਸੇ ਸਾਮਾਨ ਦਾ ਕੋਈ ਨੁਕਸਾਨ ਹੋ ਜਾਏ।

ਇਸ ਤੋਂ ਇਲਾਵਾ ਇੱਕ ਹੋਰ ਪ੍ਰਮੁੱਖ ਡਰ ਹੈ, ਬੁਢਾਪੇ ਦਾ। ਕਿਤੇ ਐਸਾ ਨਾ ਹੋਏ ਕਿ ਬੁਢਾਪੇ ਦੌਰਾਨ ਸਾਨੂੰ ਬਹੁਤ ਕਸ਼ਟ ਸਹਿਣੇ ਪੈਣ। ਸਭ ਤੋਂ ਵੱਡਾ ਡਰ ਜੋ ਮਨੁੱਖ ਨੂੰ ਸਤਾਉਂਦਾ ਹੈ, ਉਹ ਹੈ ਮੌਤ ਦਾ ਡਰ। ਸਾਡੇ ਕਿਸੇ ਪਿਆਰੇ ਦੀ, ਪਰਿਵਾਰ ਦੇ ਕਿਸੇ ਜੀਅ ਦੀ, ਕਿਸੇ ਨਿਕਟਵਰਤੀ ਸੰਬੰਧੀ ਦੀ ਮੌਤ ਨਾ ਹੋ ਜਾਏ। ਇਸ ਤੋਂ ਵੱਡਾ ਡਰ, ਕਿ ਕਿਤੇ ਸਾਡੀ ਆਪਣੀ ਹੀ ਮੌਤ ਨਾ ਹੋ ਜਾਏ।

ਮਨੁੱਖ ਵੱਖ-ਵੱਖ ਤਰੀਕਿਆਂ ਨਾਲ ਵੱਖ-ਵੱਖ ਡਰਾਂ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਮਨੁੱਖੀ ਮਨ ਵਿੱਚ ਡਰ ਪੈਦਾ ਹੁੰਦੇ ਹਨ, ਤਾਂ ਮਨੁੱਖ ਆਪਣੇ ਵੱਲੋਂ ਕੋਸ਼ਿਸ਼ ਕਰਦਾ ਹੈ ਕਿ ਉਨ੍ਹਾਂ ਕਾਰਣਾਂ ਨੂੰ ਦੂਰ ਕੀਤਾ ਜਾਏ, ਜਿਨ੍ਹਾਂ ਕਰਕੇ ਇਹ ਡਰ ਪੈਦਾ ਹੁੰਦੇ ਹਨ। ਸ਼ਰੀਰ ਨੂੰ ਕੋਈ ਰੋਗ ਨਾ ਲੱਗੇ, ਇਸ ਵਾਸਤੇ ਮਨੁੱਖ ਯਤਨ ਕਰਦੇ ਹੋਏ ਉਹ ਸਭ ਕੁੱਝ ਕਰਨ ਲਈ ਤਿਆਰ ਰਹਿੰਦਾ ਹੈ, ਜੋ ਉਸਨੂੰ ਵੈਦ ਜਾਂ ਡਾਕਟਰ ਆਦਿ ਆਖਦੇ ਹਨ। ਉਹ ਕਸਰਤ ਕਰਦਾ ਹੈ, ਟੌਨਿਕ (Tonic) ਲੈਂਦਾ ਹੈ, ਪੌਸ਼ਟਿਕ ਭੋਜਨ ਕਰਦਾ ਹੈ, ਸਹੀ ਸਮੇਂ ਤੇ ਪੂਰੀ-ਪੂਰੀ ਨੀਂਦ ਲੈਂਦਾ ਹੈ। ਜੇ ਕਿਤੇ ਸ਼ਰੀਰ ਰੋਗੀ ਹੋ ਹੀ ਜਾਏ, ਤਾਂ ਉਹ ਹਰ ਸੰਭਵ ਕੋਸ਼ਿਸ਼ ਕਰਦਾ ਹੈ ਕਿ ਇਸ ਰੋਗ ਨੂੰ ਖ਼ਤਮ ਕਰ ਸਕੇ। ਡਾਕਟਰ ਦੀ ਦੱਸੀ ਹੋਈ ਹਰ ਦਵਾਈ ਉਹ ਵਰਤਦਾ ਹੈ। ਜੇ ਲੋੜ ਹੋਏ, ਤਾਂ ਉਹ ਸਰਜਰੀ ਵੀ ਕਰਾ ਲੈਂਦਾ ਹੈ।

ਸ਼ਰੀਰ ਨੂੰ ਰੋਗ ਲੱਗਣ ਦਾ ਭੈਅ ਮਨੁੱਖ ਨੂੰ ਇੰਨਾ ਸਤਾਉਂਦਾ ਹੈ ਕਿ ਜਦੋਂ ਉਹ ਅਜੇ ਤੰਦਰੁਸਤ ਹੀ ਹੁੰਦਾ ਹੈ, ਤਾਂ ਆਪਣੇ ਆਪ ਨੂੰ ਇਸ ਗੱਲ ਲਈ ਤਿਆਰ ਕਰ ਲੈਂਦਾ ਹੈ ਕਿ ਜੇ ਸ਼ਰੀਰ ਨੂੰ ਰੋਗ ਲੱਗ ਹੀ ਜਾਏ, ਤਾਂ ਉਹ ਉਸ ਦਾ ਮੁਕਾਬਲਾ ਕਰ ਸਕੇ । ਉਹ ਪਹਿਲਾਂ ਤੋਂ ਹੀ ਮੈਡੀਕਲ ਬੀਮਾ ਕਰਾ ਲੈਂਦਾ ਹੈ । ਕੋਸ਼ਿਸ਼ ਉਸ ਦੀ ਇਹੀ ਹੈ ਕਿ ਉਹ ਰੋਗੀ ਨਾ ਹੋਵੇ, ਪਰ ਜੇ ਰੋਗੀ ਹੋ ਹੀ ਜਾਏ, ਤਾਂ ਮੈਡੀਕਲ ਬੀਮਾ ਕਰਵਾਉਣ ਦਾ ਇਹ ਫ਼ਾਇਦਾ ਹੋਏਗਾ ਕਿ ਜੋ ਵੀ ਖ਼ਰਚਾ ਆਏਗਾ, ਉਹ ਮੈਡੀਕਲ ਬੀਮਾ ਕੰਪਨੀ ਦਏਗੀ। ਮਨੁੱਖ ਨੂੰ ਇਹ ਡਰ ਹੈ ਕਿ ਰੋਗੀ ਹੋਣ ਦੀ ਸਥਿੱਤੀ ਵਿੱਚ ਕਿਤੇ ਉਸ ਕੋਲ ਇਲਾਜ ਜੋਗਾ ਪੈਸਾ ਨਾ ਹੋਏ। ਮੈਡੀਕਲ ਬੀਮਾ ਕਰਾ ਕੇ ਉਹ ਇਸ ਡਰ ਤੇ ਕਾਫ਼ੀ ਹੱਦ ਤਕ ਕਾਬੂ ਪਾ ਲੈਂਦਾ ਹੈ ।

ਮਨੁੱਖ ਨੂੰ ਡਰ ਹੈ ਕਿ ਉਸ ਦੇ ਸਾਮਾਨ ਦੀ ਚੋਰੀ ਨਾ ਹੋ ਜਾਏ। ਚੋਰੀ ਦੇ ਖ਼ਿਲਾਫ਼ ਬੀਮਾ ਕਰਾ ਕੇ ਉਹ ਕਾਫ਼ੀ ਹੱਦ ਤਕ ਇਸ ਡਰ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਅੱਗ, ਭੂਚਾਲ, ਜਾਂ ਹੜ੍ਹ ਆਦਿ ਤੋਂ ਹੋਣ ਵਾਲੇ ਨੁਕਸਾਨ ਦੇ ਡਰ ਤੋਂ ਬਚਣ ਲਈ ਬੀਮਾ ਕਰਾ ਲਿਆ ਜਾਂਦਾ ਹੈ। ਬੀਮਾ ਕਰਾ ਕੇ ਚੋਰੀ, ਭੂਚਾਲ ਜਾਂ ਅੱਗ ਆਦਿ ਦਾ ਖ਼ਤਰਾ ਤਾਂ ਨਹੀਂ ਟਲਦਾ, ਪਰ ਹੋਣ ਵਾਲੇ ਆਰਥਿਕ ਨੁਕਸਾਨ ਦੀ ਕੁੱਝ ਭਰਪਾਈ ਬੀਮਾ ਕੰਪਨੀ ਵੱਲੋਂ ਕੀਤੇ ਜਾਣ ਦੀ ਉੱਮੀਦ ਨਾਲ ਨੁਕਸਾਨ ਦੇ ਡਰ ਤੋਂ ਕੁੱਝ ਹੱਦ ਤੱਕ ਛੁਟਕਾਰਾ ਮਿਲ ਜਾਂਦਾ ਹੈ।

ਇੱਕ ਭੈਅ ਐਸਾ ਹੈ, ਜੋ ਲੱਗਭੱਗ ਸਭ ਨੂੰ ਹੀ ਸਤਾਉਂਦਾ ਹੈ। ਇਹ ਭੈਅ ਹੈ ਕਿ '*ਕਿਤੇ ਐਸਾ ਨਾ ਹੋਏ ਕਿ ਮੈਂ ਨਾ ਰਹਾਂ*' । ਇਹ ਮੌਤ ਦਾ ਭੈਅ ਹੈ।

ਦੇਵ, ਦੈਤ, ਮਨੁੱਖ, ਪਸ਼ੂ ਤੇ ਪੰਛੀ ਆਦਿ ਸਾਰੇ ਹੀ ਜੀਵ ਮੌਤ ਦੇ ਭੈਅ ਦਾ ਸ਼ਿਕਾਰ ਹਨ। ਇਹ ਨਿਸ਼ਚਿਤ ਹੈ ਕਿ ਸਭ ਦੀ ਮੌਤ ਹੋਣੀ ਹੀ ਹੈ, ਪਰ ਮਰਨਾ ਤਾਂ ਕੋਈ ਵੀ ਨਹੀਂ ਚਾਹੁੰਦਾ । ਕਈ ਲੋਕਾਂ ਨੇ ਅਜਿਹੇ ਯਤਨ ਕੀਤੇ ਕਿ ਉਨ੍ਹਾਂ ਦੀ ਮੌਤ ਨਾ ਹੋਵੇ, ਪਰ ਕੋਈ ਵੀ ਆਪਣੇ ਐਸੇ ਯਤਨ ਵਿੱਚ ਸਫਲ ਨਹੀਂ ਹੋ ਸਕਿਆ।

ਮਨੁੱਖ ਨੇ ਇਹ ਤਾਂ ਜਾਣ ਲਿਆ ਹੈ ਕਿ ਉਹ ਮੌਤ ਤੋਂ ਨਹੀਂ ਬੱਚ ਸਕਦਾ। ਪ੍ਰੰਤੂ, ਉਸ ਦੀ ਕੋਸ਼ਿਸ਼ ਇਹ ਹੈ ਕਿ ਇਹ ਮੌਤ ਵੱਧ ਤੋਂ ਵੱਧ ਦੇਰ ਨਾਲ ਆਵੇ। ਉਹ ਲੰਬੀ ਜ਼ਿੰਦਗੀ ਜੀਊਣ ਦੀ ਲਾਲਸਾ ਰੱਖਦਾ ਹੈ। ਉਹ ਅਜਿਹੇ ਯਤਨ ਕਰਨਾ ਚਾਹੁੰਦਾ ਹੈ ਕਿ ਮੌਤ ਨੂੰ ਜ਼ਿਆਦਾ ਤੋਂ ਜ਼ਿਆਦਾ ਦੇਰ ਦੂਰ ਰੱਖਿਆ ਜਾ ਸਕੇ।

ਅਤਿ-ਆਧੁਨਿਕ ਮੈਡੀਕਲ ਸਾਇੰਸ, ਬੁਲੇਟ-ਪਰੂਫ਼ ਜੈਕਟ, ਬੁਲੇਟ-ਪਰੂਫ਼ ਗੱਡੀਆਂ, ਤੇ ਅੰਗ-ਰੱਖਿਅਕ ਆਦਿ ਮੌਤ ਤੋਂ ਬਚਾਅ ਕਰਨ ਲਈ ਹੀ ਹਨ। ਮਨੁੱਖ ਦੀ ਵੱਧ ਤੋਂ ਵੱਧ ਕੋਸ਼ਿਸ਼ ਮੌਤ ਨੂੰ ਝਕਾਨੀ ਦੇਣ ਦੀ ਹੈ।

ਮੌਤ ਬਾਰੇ ਕਾਫ਼ੀ ਵੀਚਾਰ ਕਰਨ ਤੋਂ ਬਾਅਦ ਮਨੁੱਖ ਜਦੋਂ ਇਹ ਸਮਝ ਜਾਂਦਾ ਹੈ ਕਿ ਮੌਤ ਤੋਂ ਬਚਿਆ ਨਹੀਂ ਜਾ ਸਕਦਾ, ਤਾਂ ਉਹ ਮੌਤ ਤੋਂ ਵੀ ਅੱਗੇ ਦੀ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ਮੌਤ ਤੋਂ ਭੈਅ-ਭੀਤ ਹੋਇਆ ਮਨੁੱਖ ਹੁਣ ਸੋਚਦਾ ਹੈ ਕਿ ਕੀ ਮੌਤ ਦੇ ਨਾਲ ਹੀ ਜੀਵਨ ਖ਼ਤਮ ਹੋ ਜਾਂਦਾ ਹੈ? ਜਾਂ, ਕੀ ਮੌਤ ਤੋਂ ਬਾਅਦ ਵੀ ਕੋਈ ਹੋਰ ਜੀਵਨ ਹੈ ?

ਮੌਤ ਜਿੰਨਾ-ਕੁ ਮਨੁੱਖ ਨੂੰ ਭੈਅ-ਭੀਤ ਕਰਦੀ ਹੈ, ਉਸ ਤੋਂ ਜ਼ਿਆਦਾ ਭੈਅ-ਭੀਤ ਉਹ ਮੌਤ ਤੋਂ ਬਾਅਦ ਦੇ ਜੀਵਨ ਬਾਰੇ ਸੋਚ ਕੇ ਹੁੰਦਾ ਹੈ। ਉਸ ਦੇ ਸਾਹਮਣੇ ਭੈਅ ਦਾ ਇੱਕ ਵਿਸ਼ਾਲ ਤੇ ਭਿਆਨਕ ਸਮੁੰਦਰ ਪਸਰਿਆ ਪਿਆ ਹੈ। ਹੁਣ ਉਹ ਜਾਣਨਾ ਚਾਹੁੰਦਾ ਹੈ ਕਿ ਐਸਾ ਕਿਹੜਾ ਉਪਾਅ ਹੈ, ਜਿਸ ਨਾਲ ਭੈਅ ਦਾ ਇਹ ਸਮੁੰਦਰ ਪਾਰ ਕੀਤਾ ਜਾ ਸਕੇ। ਉਹ ਐਸਾ ਤਰੀਕਾ ਖੋਜਣਾ ਚਾਹੁੰਦਾ ਹੈ, ਜਿਸ ਨਾਲ ਉਸ ਦੇ ਮਨ ਦੀ ਸ਼ੰਕਾ ਤੇ ਡਰ ਖ਼ਤਮ ਹੋ ਜਾਏ ।

ਅਬ ਮੈ ਕਉਨੁ ਉਪਾਉ ਕਰਉ ॥
ਜਿਹ ਬਿਧਿ ਮਨ ਕੋ ਸੰਸਾ ਚੂਕੈ ਭਉ ਨਿਧਿ ਪਾਰਿ ਪਰਉ ॥੧॥ ਰਹਾਉ ॥
(੬੮੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਇਸ ਜੀਵਨ ਦੇ ਅੰਤ ਬਾਰੇ ਤਾਂ ਉਹ ਜਾਣ ਹੀ ਗਿਆ ਹੈ। ਇਸ ਜੀਵਨ ਦਾ ਅੰਤ ਹੈ 'ਮੌਤ'। ਪਰ, ਮੌਤ ਤੋਂ ਬਾਅਦ ਦੇ ਜੀਵਨ ਦਾ ਵੀ ਕੋਈ ਅੰਤ ਹੈ, ਜਾਂ ਉਹ ਜੀਵਨ ਅੰਤਹੀਣ ਹੈ ? ਦੁੱਖ ਕੀ ਹੈ? ਸੁੱਖ ਕੀ ਹੈ? ਕੀ ਮੌਤ ਤੋਂ ਬਾਅਦ ਦੇ ਜੀਵਨ ਵਿੱਚ ਵੀ ਦੁੱਖ ਤੇ ਸੁੱਖ ਹਨ? ਮੌਤ ਤੋਂ ਬਾਅਦ ਦੇ ਜੀਵਨ ਵਿੱਚ ਦੁੱਖ ਤੋਂ ਬਚਣ ਲਈ ਕੀ ਕੀਤਾ ਜਾਏ? ਮੌਤ ਤੋਂ ਬਾਅਦ ਦੇ ਜੀਵਨ ਵਿੱਚ ਸੁੱਖੀ ਹੋਣ ਵਾਸਤੇ ਕੀ ਯਤਨ ਜਾਣਾ ਚਾਹੀਦਾ ਹੈ?

ਇਸ ਜੀਵਨ ਵਿੱਚ ਕੀਤੇ ਗਏ ਆਪਣੇ ਵਿਵਹਾਰ ਨੂੰ ਯਾਦ ਕਰਦਿਆਂ ਵੀਚਾਰਸ਼ੀਲ ਮਨੁੱਖ ਇਹ ਮਹਿਸੂਸ ਕਰਦਾ ਹੈ ਕਿ ਆਪਣੇ ਜੀਵਨ ਦੌਰਾਨ ਉਸ ਨੇ ਉਹ ਚੰਗੇ ਕੰਮ ਨਹੀਂ ਕੀਤੇ, ਜੋ ਉਸ ਨੂੰ ਕਰਨੇ ਚਾਹੀਦੇ ਸਨ। ਕੀ ਇਸ ਦਿੱਸਦੇ ਪਾਸਾਰੇ ਦਾ ਕੋਈ ਕਰਤਾ ਹੈ? ਜੇ ਹੈ, ਤਾਂ ਉਸ ਨੂੰ ਕਦੇ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਉਸ ਸਿਰਜਣਹਾਰ ਦੇ ਗੁਣਾਂ ਦਾ ਗਾਇਨ ਕਰਨ ਦਾ ਕਦੇ ਸੋਚਿਆ ਹੀ ਨਹੀਂ।

ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ ॥
ਮਨ ਬਚ ਕ੍ਰਮ ਹਰਿ ਗੁਨ ਨਹੀ ਗਾਏ ਯਹ ਜੀਅ ਸੋਚ ਧਰਉ ॥੧॥
(੬੮੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਉਸ ਦੇ ਇਨ੍ਹਾਂ ਸਵਾਲਾਂ ਦੇ ਅਨੇਕ ਜਵਾਬ ਹਨ। ਇਨ੍ਹਾਂ ਅਨੇਕ ਜਵਾਬਾਂ ਤੋਂ ਹੀ ਦਰਸ਼ਨਸ਼ਾਸ਼ਤਰਾਂ ਦਾ ਜਨਮ ਹੋਇਆ ਹੈ । ਹਜ਼ਾਰਾਂ ਸਾਲਾਂ ਤੋਂ ਸਾਧਾਰਣ ਮਨੁੱਖ ਇਨ੍ਹਾਂ ਸਵਾਲਾਂ ਦੇ ਜਵਾਬ ਵਿੱਚ ਉਲਝਿਆ ਫਿਰਦਾ ਹੈ। ਜਿਸ ਨੇ ਸਹੀ ਜਵਾਬ ਹਾਸਿਲ ਕਰਨ ਲਈ ਯਤਨ ਕੀਤੇ, ਉਹੀ ਭਾਗਾਂ ਵਾਲਾ ਜੀਵ ਹੈ। ਉਹ ਅੰਧ-ਵਿਸ਼ਵਾਸ਼ੀ ਹੋ ਕੇ ਨਹੀਂ ਚਲਦਾ। ਉਹ ਅਕਲ ਦਾ ਸਹਾਰਾ ਵੀ ਲੈਂਦਾ ਹੈ। ਉਹ ਹਿਰਦੇ ਵਿੱਚ ਪ੍ਰੇਮ ਦਾ ਚਾਨਣਾ ਵੀ ਕਰਦਾ ਹੈ । ਉਹ ਯਤਨ ਕਰਦਾ ਹੈ ਇਹ ਜਾਣਨ ਲਈ ਕਿ ਦੁੱਖ ਕੀ ਹੈ ਤੇ ਸੁੱਖ ਕੀ ਹੈ? ਉਹ ਯਤਨ ਕਰਦਾ ਹੈ ਇਹ ਸਮਝਣ ਲਈ ਕਿ ਦੁੱਖ ਦਾ ਖ਼ਾਤਮਾ ਕਿਵੇਂ ਹੋ ਸਕਦਾ ਹੈ? ਜਦੋਂ ਉਹ ਇਹ ਜਾਣਨ ਲਈ ਯਤਨ ਕਰਦਾ ਹੈ ਕਿ ਦੁੱਖ ਕੀ ਹੈ ਤੇ ਇਹ ਕਿਵੇਂ ਖ਼ਤਮ ਹੋ ਸਕਦਾ ਹੈ, ਉਦੋਂ ਉਹ ਜਿਗਿਆਸੂ ਹੁੰਦਾ ਹੈ। ਜਦੋਂ ਉਹ ਇਹ ਸਭ ਜਾਣਨ ਤੋਂ ਬਾਅਦ ਦੁੱਖ ਖ਼ਤਮ ਕਰਨ ਲਈ ਯਤਨਸ਼ੀਲ ਹੁੰਦਾ ਹੈ, ਉਦੋਂ ਉਹ ਸਾਧਕ ਹੁੰਦਾ ਹੈ। ਜਦੋਂ ਉਹ ਸਾਧਨਾ ਪੂਰੀ ਕਰ ਲੈਂਦਾ ਹੈ, ਉਦੋਂ ਉਹ ਸਿੱਧ ਹੋ ਜਾਂਦਾ ਹੈ।

ਜੀਵਨ ਵਿੱਚ ਅਨੇਕ ਪ੍ਰਕਾਰ ਦੇ ਭੈਅ ਮੌਜੂਦ ਹਨ । ਇਨ੍ਹਾਂ ਡਰਾਂ ਕਾਰਣ ਹੀ ਸਾਧਾਰਣ ਮਨੁੱਖ ਡੂੰਘੀ ਸੋਚ-ਵੀਚਾਰ ਵਿੱਚ ਪੈਂਦਾ ਹੈ। ਉਹ ਇਨ੍ਹਾਂ ਵੱਖ-ਵੱਖ ਡਰਾਂ ਨੂੰ ਦੂਰ ਕਰਨਾ ਚਾਹੁੰਦਾ ਹੈ। ਕੀ ਭੈਅ ਨੂੰ ਦੂਰ ਕਰਨ ਦਾ ਕੋਈ ਤਰੀਕਾ ਹੈ ਵੀ? ਭੈਅ ਨੂੰ ਦੂਰ ਕਰਨ ਦਾ ਤਰੀਕਾ ਕਿਵੇਂ ਜਾਣਿਆ ਜਾਏ? ਭੈਅ ਨੂੰ ਦੂਰ ਕਰਨ ਦਾ ਗਿਆਨ ਕਿਵੇਂ ਪ੍ਰਾਪਤ ਹੋਏਗਾ? ਇਹ ਕਿਵੇਂ ਪਤਾ ਚੱਲੇ ਕਿ ਜੋ ਪ੍ਰਾਪਤ ਕੀਤਾ ਗਿਆ, ਉਹ ਸੱਚਮੁੱਚ ਹੀ ਗਿਆਨ ਹੈ, ਭਰਮ ਨਹੀਂ? ਆਖ਼ਿਰ, ਇਹ ਗਿਆਨ ਪ੍ਰਾਪਤ ਕਰਨ ਦੇ ਸਾਧਨ ਕੀ ਹਨ? ਵੱਖ-ਵੱਖ ਦੇ ਤਰ੍ਹਾਂ ਦੇ ਭੈਅ ਮਨੁੱਖ ਨੂੰ ਇੱਕ ਅਜਿਹੀ ਸਥਿੱਤੀ ਵਿੱਚ ਲਿਆ ਖੜਾ ਕਰਦੇ ਹਨ, ਜਿੱਥੇ ਉਹ ਪ੍ਰਭੂ ਦੀ ਭਗਤੀ ਕਰਨ ਦੀ ਲੋੜ ਮਹਿਸੂਸ ਕਰਦਾ ਹੈ। ਸਪਸ਼ਟ ਹੈ ਕਿ ਪ੍ਰਭੂ ਦੀ ਭਗਤੀ ਭੈਅ ਕਾਰਣ ਹੀ ਪੈਦਾ ਹੁੰਦੀ ਹੈ।

ਭੈ ਬਿਨੁ ਭਗਤਿ ਨ ਹੋਈ ਕਬ ਹੀ ਭੈ ਭਾਇ ਭਗਤਿ ਸਵਾਰੀ ॥੬॥
(੯੧੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥
(੯੧੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜਿਨ੍ਹਾਂ ਦੇ ਦਿਲ ਵਿੱਚ ਭੈਅ ਪੈਦਾ ਨਹੀਂ ਹੋਇਆ, ਉਹ ਮਨ-ਆਈਆਂ ਕਰਨ ਵਿੱਚ ਹੀ ਆਪਣੀ ਜ਼ਿੰਦਗੀ ਬਿਤਾ ਦਿੰਦੇ ਹਨ। ਉਹ ਇਹ ਜਾਣਨ ਲਈ ਯਤਨ ਨਹੀਂ ਕਰਦੇ ਕਿ ਉਹ ਇਸ ਦੁਨੀਆਂ ਵਿੱਚ ਕਿਸ ਮਕਸਦ ਲਈ ਆਏ ਤੇ ਇਹ ਮਸਕਦ ਕਿਸ ਤਰ੍ਹਾਂ ਪੂਰਾ ਕੀਤਾ ਜਾ ਸਕਦਾ ਹੈ। ਉਹ ਦੁਨੀਆਵੀ ਵਿਸ਼ਿਆਂ ਵਿੱਚ ਹੀ ਸੁੱਖ ਭਾਲਦੇ ਹਨ ਤੇ ਉਨ੍ਹਾਂ ਦੀ ਤ੍ਰਿਸ਼ਨਾ ਕਿਸੇ ਤਰ੍ਹਾਂ ਵੀ ਖ਼ਤਮ ਨਹੀਂ ਹੁੰਦੀ।

ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ ॥
ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ ॥੨੨॥
(੧੨੯੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਪਸ਼ਟ ਹੈ ਕਿ ਮਨੁੱਖ ਜਦੋਂ ਵੀ ਕਿਸੇ ਕਰਮ ਵਿੱਚ ਲੱਗਦਾ ਹੈ, ਤਾਂ ਕਿਸੇ ਨਾ ਕਿਸੇ ਰੂਪ ਵਿੱਚ ਉਸ ਦਾ ਕਾਰਣ ਕੋਈ ਨਾ ਕੋਈ ਡਰ ਹੁੰਦਾ ਹੈ। ਡਰ ਦਾ ਮੂਲ ਕਾਰਣ ਅਵਿਦਿਆ ਹੈ। ਅਵਿਦਿਆ ਕਾਰਣ ਹੀ ਡਰ ਪੈਦਾ ਹੁੰਦਾ ਹੈ। ਇਹ ਅਵਿਦਿਆ ਤੇ ਅਵਿਦਿਆ ਤੋਂ ਪੈਦਾ ਹੋਣ ਵਾਲੇ ਅਸਮਿਤਾ, ਰਾਗ, ਦਵੇਸ਼, ਤੇ ਡਰ ਹੀ ਮਨੁੱਖ ਨੂੰ ਪ੍ਰਵ੍ਰਿਤੀ ਮਾਰਗ ਵਿੱਚ ਲਗਾਉਂਦੇ ਹਨ।

--0--